# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 21-06-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ 10ਵੇਂ ਕੌਮਾਂਤਰੀ ਯੋਗ ਦਿਵਸ ਦੇ ਮੌਕੇ 'ਤੇ, ਸ੍ਰੀਨਗਰ ਦੇ ਸ਼ੇਰ-ਏ-ਕਸ਼ਮੀਰ ਇੰਟਰਨੈਸ਼ਨਲ ਕਨਵੈਨਸ਼ਨ ਸੈਂਟਰ ਵਿਚ ਆਯੋਜਿਤ, ਯੋਗ ਦਿਵਸ ਸਮਾਗਮ ਵਿਚ ਹਿੱਸਾ ਲੈਂਦਿਆਂ, ਦੁਨੀਆ ਭਰ ਦੇ ਲੋਕਾਂ ਨੂੰ ਕੌਮਾਂਤਰੀ ਯੋਗ ਦਿਵਸ ਦੀ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੌਮਾਂਤਰੀ ਯੋਗ ਦਿਵਸ 'ਤੇ, ਉਨ੍ਹਾਂ ਨੂੰ ਯੋਗ ਤੇ ਸਾਧਨਾ ਦੀ ਧਰਤੀ ਕਸ਼ਮੀਰ ਆਉਣ ਦਾ ਸੁਭਾਗ ਪ੍ਰਾਪਤ ਹੋਇਆ ਏ। ਉਨ੍ਹਾਂ ਕਿਹਾ ਕਿ ਯੋਗ ਤੋਂ ਸਾਨੂੰ ਜਿਹੜੀ ਸ਼ਕਤੀ ਮਿਲਦੀ ਏ, ਸ੍ਰੀਨਗਰ ਵਿਚ ਅਸੀਂ ਉਸਨੂੰ ਮਹਿਸੂਸ ਕਰ ਰਹੇ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਪੂਰੀ ਦੁਨੀਆ ਵਿਚ ਯੋਗ ਕਰਨ ਵਾਲਿਆਂ ਦੀ ਗਿਣਤੀ ਅਤੇ ਯੋਗ ਵੱਲ ਖਿੱਚ ਲਗਾਤਾਰ ਵਧ ਰਹੀ ਏ। ਉਨ੍ਹਾਂ ਕਿਹਾ ਕਿ ਦਸ ਸਾਲ ਪਹਿਲਾਂ ਉਨਾਂ ਸੰਯੁਕਤ ਰਾਸ਼ਟਰ ਵਿੱਚ

ਕੌਮਾਂਤਰੀ ਯੋਗ ਦਿਵਸ ਮਨਾਉਣ ਦਾ ਮਤਾ ਰੱਖਿਆ ਸੀ ਅਤੇ ਭਾਰਤ ਦੇ ਇਸ ਮਤੇ ਨੂੰ 177 ਦੇਸ਼ਾਂ ਨੇ ਸਮਰਥਨ ਦਿੱਤਾ, ਜਿਹੜਾ ਆਪਣੇ ਆਪ ਵਿੱਚ ਇੱਕ ਰਿਕਾਰਡ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜੰਮੂ-ਕਸ਼ਮੀਰ ਯੋਗ ਸਾਧਨਾ ਦੀ ਧਰਤੀ ਏ। ਲੋਕਾਂ ਵਿੱਚ ਯੋਗ ਪ੍ਰਤੀ ਜਾਗਰੂਕਤਾ ਵਧੀ ਏ। ਵਿਸ਼ਵ ਨੇਤਾ ਹੁਣ ਯੋਗ ਬਾਰੇ ਗੱਲ ਕਰ ਰਹੇ ਨੇ। ਸੈਰ ਸਪਾਟੇ ਵਿੱਚ ਯੋਗ ਇੱਕ ਨਵਾਂ ਰੁਝਾਨ ਏ। ਇਸਦੇ ਨਾਲ ਹੀ ਯੋਗ ਅਧਿਆਪਕਾਂ ਦੀ ਮੰਗ ਵਧ ਗਈ ਏ।

-----------------------------------------------------------

ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਵੀ ਯੋਧ ਦਿਵਸ ਅੱਜ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਤੜਕਸਾਰ ਤੋਂ ਹੀ, ਵੱਖ ਵੱਖ ਜਨਤਕ ਥਾਂਵਾਂ, ਮੈਦਾਨਾਂ ਅਤੇ ਧਾਰਮਿਕ ਸਥਾਨਾਂ ਤੇ ਵੱਡੀ ਗਿਣਤੀ ਵਿਚ ਲੋਕ ਪੁਜੇ ਅਤੇ ਯੋਗ ਸਮਾਗਮਾਂ ਦਾ ਹਿੱਸਾ ਬਣੇ। ਇਸ ਦੌਰਾਨ ਯੋਗ ਗੁਰੂਆਂ ਨੇ ਲੋਕਾਂ ਨੂੰ ਵੱਖ ਵੱਖ ਕਿਸਮ ਦੇ ਯੋਗ ਆਸਣ ਤੇ ਕਿਰਿਆਵਾਂ ਕਰਵਾਈਆਂ। ਫਰੀਦਕੋਟ ਤੋਂ ਸਾਡੇ ਪਤਰਕਾਰ ਤਰਸੇਮ ਚਾਨਣਾ ਨਾਲ ਗੱਲਬਾਤ ਕਰਦਿਆਂ, ਲੋਕਾਂ ਨੇ ਯੋਗ ਸਮਾਗਮ ਦਾ ਹਿੱਸਾ ਬਣਨ ਤੇ ਖੁਸ਼ੀ

ਪ੍ਰਗਟਾਈ।ਏਧਰ ਮੋਗਾ ਤੋਂ ਸਾਡੇ ਪਤਰਕਾਰ ਊਸ਼ਾ ਕੋਰ ਜਸ਼ਨ ਨਾਲ ਗੱਲਬਾਤ ਕਰਦਿਆਂ ਲੋਕਾਂ ਨੇ ਕਿਹਾ ।

------------------------------------------------------------

ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਨੇ "ਮਹਿਲਾ ਸਸ਼ਕਤੀਕਰਨ ਲਈ ਯੋਗ ਦੀ ਮਹਹੱਤਾ" ਬਾਰੇ ਇਕ ਵਿਸ਼ੇਸ਼ ਯੋਗ ਕੈਂਪ ਦਾ ਆਯੋਜਨ ਕੀਤਾ । ਇਸ ਮੌਕੇ ਸਰੀਰਕ, ਮਾਨਸਿਕ ਤੇ ਤੰਦਰੁਸਤੀ ਦੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਲਈ, ਹਰੇਕ ਉਮਰ ਵਰਗ ਦੀਆਂ ਔਰਤਾਂ ਨੇ ਹਿੱਸਾ ਲਿਆ । ਇਸ ਕੈਂਪ ਵਿਚ ਯੋਗ ਮਾਹਿਰ, ਕਰਨਲ ਸੇਵਾ ਸਿੰਘ ਉਚੇਚੇ ਤੌਰ ਤੇ ਹਾਜ਼ਰ ਹੋਏ ਅਤੇ ਉਨ੍ਹਾਂ ਮਹਿਲਾ ਸ਼ਕਤੀ ਅਤੇ ਸਪੂੰਰਨ ਸਿਹਤ ਨੂੰ ਉਤਸ਼ਾਹਿਤ ਕਰਨ ਵਿਚ, ਯੋਗ ਆਸਣਾਂ ਦੀ ਮਹੱਹਤਾ ਤੇ ਚਾਨਣਾ ਪਾਇਆ । ਸਾਇੰਸ ਸਿਟੀ ਦੇ ਵਿਗਿਆਨੀ - ਡੀ, ਡਾ. ਮੁਨੀਸ਼ ਸੋਇਨ ਨੇ ਹਾਜ਼ਰ ਔਰਤਾਂ ਨੂੰ, ਤੰਦਰੁਸਤੀ ਲਈ ਰੋਜ਼ਾਨਾਂ ਯੋਗ ਆਸਣ ਕਰਨ ਲਈ ਪ੍ਰੇਰਿਤ ਕੀਤਾ ।

------------------------------------------------------------

ਪੰਜਾਬ ਵਿਚ ਬੀਤੇ ਦੋ ਦਿਨਾਂ ਦੌਰਾਨ ਪਏ ਹਲਕੇ ਮੀਂਹ ਅਤੇ ਤੇਜ਼

ਹਵਾਵਾਂ ਨੇ, ਲੋਕਾਂ ਨੂੰ ਕਹਿਰ ਦੀ ਗਰਮੀ ਤੋਂ ਰਾਹਤ ਦਿੱਤੀ ਏ। ਸੂਬੇ ਦਾ ਔਸਤ ਤਾਪਮਾਨ 6.4 ਡਿਗਰੀ ਤੱਕ ਡਿੱਗ ਗਿਆ, ਜਿਹੜਾ ਆਮ ਨਾਲੋਂ 2.7 ਡਿਗਰੀ ਘੱਟ ਸੀ। ਹਾਲਾਂਕਿ ਅੱਜ ਤੋਂ ਤਾਪਮਾਨ ਵਿਚ ਫਿਰ ਵਾਧਾ ਦੇਖਣ ਨੂੰ ਮਿਲੇਗਾ। ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ ਤੱਕ ਮੌਸਮ ਆਮ ਵਾਂਗ ਰਹਿਣ ਦੀ ਭਵਿੱਖਬਾਣੀ ਕੀਤੀ ਏ। ਮੌਸਮ ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਬੀਤੀ ਸ਼ਾਮ ਤੱਕ ਅੰਮ੍ਰਿਤਸਰ ਵਿੱਚ 5 ਮਿਲੀ-ਮੀਟਰ, ਫਾਜ਼ਿਲਕਾ ਵਿੱਚ 3.5 ਮਿਲੀ-ਮੀਟਰ ਅਤੇ ਮੋਗਾ ਵਿੱਚ ਇਕ ਮਿਲੀ-ਮੀਟਰ ਮੀਂਹ ਦਰਜ ਕੀਤਾ ਗਿਆ, ਜਦਕਿ ਹਰੇਕ ਸ਼ਹਿਰ ਦੇ ਵੱਧ ਤੋਂ ਵੱਧ ਤਾਪਮਾਨ ਵਿੱਚ 4 ਤੋਂ 9 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ।